ਗੁਰਦੁਆਰਾ ਸਾਹਿਬ ਵਿੱਚ “ਡੈਸਟੀਨੇਸ਼ਨ” ਵਿਆਹਾਂ ਬਾਰੇ ਸੰਗਤਾਂ ਨਾਲ ਸਾਂਝੀਆਂ ਕਰਨ ਲਈ ਕੁੱਝ ਬੇਨਤੀਆਂ

ੳ) ਗੁਰੂ ਸਾਹਿਬ ਜੀ ਨੇ ਆਪਣੇ ਸਿੱਖ ਨੂੰ ਨਿਮਰਤਾ ਅਤੇ ਸਾਦਗੀ ਵਿੱਚ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ।

ਅ) ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨਦਿਆਂ ਹੋਇਆਂ ਉਨ੍ਹਾਂ ਪਾਸੋਂ ਹੀ ਹਰ ਕਿਸਮ ਦੀਆਂ ਦਾਤਾਂ ਅਤੇ ਅਸੀਸਾਂ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ।

ੲ) ਸੰਸਾਰ ਭਰ ਵਿੱਚ ਵਸਦਾ ਹਰ ਸਿੱਖ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦਾ ਹੈ, ਉੱਥੇ ਨਾਲ ਹੀ ਉਹ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਪੰਥ ਦੇ ਨਾਮ ਜਾਰੀ ਹੋਏ ਹਰ ਹੁਕਮਨਾਮੇ ਨੂੰ ਮੰਨਣ ਅਤੇ ਹੋਰ ਸਿੱਖਾਂ ਨੂੰ ਮੰਨਣ ਦੀ ਪ੍ਰੇਰਨਾ ਕਰਨ ਲਈ ਵੀ ਵਚਨਬੱਧ ਹੈ।

ਸ) ਜਦੋਂ ਅਸੀਂ ਕਿਸੇ ਤੋਂ ਕੁੱਝ ਮੰਗਣਾ ਹੋਵੇ ਤਾਂ ਅਸੀਂ ਉਸ ਦੇ ਘਰ (ਜਾਂ ਕੋਲ) ਆਪ ਚੱਲ ਕੇ ਜਾਂਦੇ ਹਾਂ। ਇਸੇ ਤਰ੍ਹਾਂ, ਜਦੋਂ ਵੀ ਅਸੀਂ ਆਪਣੇ ਪਰਿਵਾਰ ਜਾਂ ਨਿੱਜ ਲਈ ਗੁਰੂ ਸਾਹਿਬ ਜੀ ਦਾ ਓਟ-ਆਸਰਾ ਤੱਕ ਕੇ ਸੁਖ-ਸਾਂਦ ਲਈ ਬੇਨਤੀ ਕਰਨੀ ਹੁੰਦੀ ਹੈ, ਤਾਂ ਸਾਨੂੰ ਗੁਰੂ ਸਾਹਿਬ ਜੀ ਪਾਸ, ਗੁਰਦੁਆਰਾ ਸਾਹਿਬ ਵਿਖੇ ਅਰਦਾਸ ਬੇਨਤੀ ਕਰਨ ਲਈ ਉਚੇਚੇ ਤੌਰ ਤੇ ਜਾਣਾ ਬਣਦਾ ਹੈ, ਨਾ ਕਿ ਗੁਰੂ ਸਾਹਿਬ ਜੀ ਨੂੰ ਕਿਸੇ ਅਜਿਹੇ ਅਸਥਾਨ ਤੇ ਲੈ ਕੇ ਜਾਈਏ ਜਿੱਥੇ ਗੁਰੂ ਸਾਹਿਬ ਜੀ ਦੀ ਸੋਭਾ ਅਤੇ ਸਤਿਕਾਰ ਵਿੱਚ ਫਰਕ ਪੈਂਦਾ ਹੋਵੇ।

ਹ) ਇਹ ਬੜੇ ਦੁੱਖ ਦੀ ਗੱਲ ਹੈ ਕਿ ਅੱਜ ਗੁਰੂ ਸਾਹਿਬ ਜੀ ਦੇ ਸਤਿਕਾਰ ਨੂੰ ਦਰਕਿਨਾਰ ਕਰ, ਕੁੱਝ ਅਣਜਾਣ ਲੋਕ, ਮਾਇਆ ਦੇ ਪ੍ਰਭਾਵ ਹੇਠ ਅਤੇ ਭੇਡ-ਚਾਲ ਦਾ ਸ਼ਿਕਾਰ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰਿਜ਼ੌਰਟਾਂ, ਬੈਂਕੁਇਟ ਹਾਲਾਂ, ਵਪਾਰਕ ਫਾਰਮ-ਹਾਊਸਾਂ ਜਾਂ ਬੀਚਾਂ ਇਤੀਆਦਿਕ ਅਸਥਾਨਾਂ ਤੇ ਲਿਜਾ ਕੇ ਆਪਣਾ ਜਾਂ ਆਪਣੇ ਬੱਚਿਆਂ ਦੇ ਅਨੰਦ ਕਾਰਜ ਰਚਾਉਣ ਤੋਂ ਗੁਰੇਜ਼ ਨਹੀਂ ਕਰ ਰਹੇ ਹਨ। ਉਨ੍ਹਾਂ ਨੂੰ ਇਹ ਪਤਾ ਵੀ ਹੁੰਦਾ ਹੈ ਕਿ ਉਪਰੋਕਤ ਅਸਥਾਨਾਂ ਤੇ ਸ਼ਰਾਬ ਮਾਸ ਦੇ ਸੇਵਨ ਅਤੇ ਕਈ ਥਾਵਾਂ ਤੇ ਤਾਂ ਤੰਬਾਕੂ ਦੀ ਵਰਤੋਂ ਦੀ ਵੀ ਖੁੱਲ੍ਹ ਹੁੰਦੀ ਹੈ।

ਕ) ਇਸੇ ਲਈ ਪੰਥ ਦੇ ਸਰਵਉੱਚ ਅਸਥਾਨ, ਸ੍ਰੀ ਅਕਾਲ ਤਖਤ ਸਾਹਿਬ ਨੂੰ ੧੯੯੮, ੨੦੨੩ ਅਤੇ ਫਿਰ ੨੦੨੫ ਵਿੱਚ ਇਹ ਹੁਕਮਨਾਮੇ ਜਾਰੀ ਕਰਕੇ ਇਹ ਸਪਸ਼ਟ ਕੀਤਾ ਗਿਆ ਕਿ ਸਿੱਖਾਂ ਵੱਲੋਂ ਕਿਸੇ ਰਿਜ਼ੌਰਟ, ਬੈਂਕੁਇਟ ਹਾਲ, ਵਪਾਰਕ ਫਾਰਮ-ਹਾਊਸ ਜਾਂ ਬੀਚ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲਿਜਾ ਕੇ ਅਨੰਦ ਕਾਰਜ ਕਰਵਾਉਣ ਤੇ ਮੁਕੰਮਲ ਅਤੇ ਸਖਤ ਮਨਾਹੀ ਹੈ।

ਖ) ਜੇ ਕੋਈ ਅਨੰਦ ਕਾਰਜ ਤੋਂ ਪਹਿਲਾਂ ਜਾਂ ਪਿੱਛੋਂ ਵਿਆਹ ਦੀ ਖੁਸ਼ੀ ਵਿੱਚ ਉਪਰੋਕਤ ਅਸਥਾਨਾਂ ਤੇ ਹੋਰ ਪ੍ਰੋਗਰਾਮ ਕਰਵਾਉਣਾ ਚਾਹੁਣ (ਭਾਵੇਂ ਕਿ ਇਹ ਵੀ ਮਨਮਤਿ ਹੈ) ਤਾਂ ਪਰਿਵਾਰ ਆਪਣੀ ਮਰਜ਼ੀ ਅਨੁਸਾਰ ਕਰਵਾ ਸਕਦੇ ਹਨ।

ਗ) ਮਰਯਾਦਾ ਬਾਰੇ ਜਾਣੂ ਹੋਣ ਦੇ ਬਾਵਜੂਦ ਵੀ ਕੁੱਝ ਰਾਗੀ ਅਤੇ ਗ੍ਰੰਥੀ ਸਿੰਘ ਲਾਲਚ ਅਧੀਨ ਗੁਰੂ ਸਾਹਿਬ ਜੀ ਦੇ ਸਰੂਪ, ਜੋ ਉਨ੍ਹਾਂ ਨੇ ਅਕਸਰ ਆਪਣੇ ਘਰ ਹੀ ਪ੍ਰਕਾਸ਼ ਕੀਤੇ ਹੁੰਦੇ ਹਨ, ਰਿਜ਼ੌਰਟ, ਬੈਂਕੁਇਟ ਹਾਲ, ਵਪਾਰਕ ਫਾਰਮ-ਹਾਊਸ ਜਾਂ ਬੀਚ ਤੇ ਅੰਨਦ ਕਾਰਜ ਕਰਵਾਉਣ ਲਈ ਲਿਜਾ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਹੋਏ ਹੁਕਮਨਾਮਿਆਂ ਦੀ ਉਲੰਘਣਾ ਕਰ ਰਹੇ ਹਨ।

ਘ) ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਕੁੱਝ ਲੋਕ ਜੋ ਰਿਜ਼ੌਰਟਾਂ, ਬੈਂਕੁਇਟ ਹਾਲਾਂ, ਵਪਾਰਕ ਫਾਰਮ-ਹਾਊਸਾਂ ਦੇ ਮਾਲਕ ਹਨ, ਆਪਣੇ ਇਨ੍ਹਾਂ ਕਾਰੋਬਾਰਾਂ ਵਿੱਚ ਅਨਉਚਿਤ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾ ਕੇ ਬਿਨਾ ਕਿਸੇ ਡਰ ਜਾਂ ਝਿਜਕ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਇਸ ਬਾਬਤ ਜਾਰੀ ਹੋਏ ਹੁਕਮਨਾਮਿਆਂ ਦੀ ਉਲੰਘਣਾ ਕਰਕੇ ਉਨ੍ਹਾਂ ਦੀਆਂ ਧੱਜੀਆਂ ਉਡਾ ਰਹੇ ਹਨ।

ਙ) ਦੁਨੀਆ ਭਰ ਵਿੱਚ ਵਸਦੇ ਸਿੱਖਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਕਾਇਮ ਰੱਖਣ ਹਿੱਤ ਜੇ ਤੁਹਾਨੂੰ ਆਪਣੀ ਰਿਸ਼ਤੇਦਾਰੀ ਜਾਂ ਸਾਕ-ਸੰਬੰਧੀਆਂ, ਮਿੱਤਰਾਂ ਵੱਲੋਂ ਡੈਸਟੀਨੇਸ਼ਨ ਵਿਆਹ ਕੀਤੇ ਜਾਣ ਬਾਰੇ ਪਤਾ ਲੱਗਦਾ ਹੈ ਤਾਂ ਉਨ੍ਹਾਂ ਨੂੰ ਇਸ ਤੋਂ ਗੁਰੇਜ਼ ਕਰਨ ਲਈ ਕਹਿਣਾ ਚਾਹੀਦਾ ਹੈ। ਜੇਕਰ ਉਹ ਫਿਰ ਵੀ ਨਹੀਂ ਮੰਨਦੇ ਤਾਂ ਆਪਣੇ ਨੇੜਲੇ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੱਜਣ ਨੂੰ ਇਸ ਬਾਰੇ ਸੂਚਿਤ ਕਰੋ।

ਚ) ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਰਿਜ਼ੌਰਟ, ਬੈਂਕੁਇਟ ਹਾਲ, ਵਪਾਰਕ ਫਾਰਮ-ਹਾਊਸ ਜਾਂ ਬੀਚ ਉੱਪਰ ਅਨੰਦ ਕਾਰਜ ਕਰਨ ਤੇ ਲਗਾਈ ਗਈ ਪਾਬੰਦੀ ਦੀ ਉਲੰਘਣਾ ਕਰਕੇ ਹੋਏ ਅਨੰਦ ਕਾਰਜ ਅਵੈਧ ਮੰਨੇ ਜਾਣਗੇ।

ਛ) ਸਮੁੱਚੇ ਸੰਸਾਰ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸੁਚੇਤ ਅਤੇ ਸਾਵਧਾਨ ਕਰਦੇ ਹਾਂ ਕਿ ਜੇ ਕੋਈ ਪਰਿਵਾਰ, ਗ੍ਰੰਥੀ ਜਾਂ ਰਾਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰਿਜ਼ੌਰਟ, ਬੈਂਕੁਇਟ ਹਾਲ, ਵਪਾਰਕ ਫਾਰਮ-ਹਾਊਸ ਜਾਂ ਬੀਚ ਉੱਪਰ ਲਿਜਾ ਕੇ ਅਨੰਦ ਕਾਰਜ ਕਰਵਾ ਰਿਹਾ ਹੈ, ਜਾਂ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋ ਰਿਹਾ ਹੈ, ਜਾਂ ਫਿਰ ਰਿਜ਼ੌਰਟ, ਬੈਂਕੁਇਟ ਹਾਲ, ਵਪਾਰਕ ਫਾਰਮ-ਹਾਊਸ ਦੇ ਮਾਲਕ ਸਿੱਖ ਹੋਣ ਦਾ ਦਾਅਵਾ ਕਰਦੇ ਹਨ, ਵੈਸੇ ਤਾਂ ਇਹ ਸਾਰੇ ਹੀ ਪੰਥ ਦੇ ਦੋਖੀ ਹਨ, ਪਰ ਵਿਸ਼ੇਸ਼ ਤੌਰ ਤੇ ਲਾੜਾ-ਲਾੜੀ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਇਨ੍ਹਾਂ ਕਾਰੋਬਾਰਾਂ ਦੇ ਸਿੱਖ ਮਾਲਕਾਂ, ਰਾਗੀ/ਗ੍ਰੰਥੀ ਸਿੰਘਾਂ ਦੀ ਸ਼ਿਕਾਇਤ ਸ੍ਰੀ ਅਕਾਲ ਤਖਤ ਸਾਹਿਬ ਤੇ ਅਵੱਸ਼ ਕੀਤੀ ਜਾਵੇਗੀ। ਗਲਤੀ ਨਾ ਮੰਨਣ ਵਾਲੇ ਨੂੰ ਜਾਂ ਵਾਰੀ ਵਾਰੀ ਉਲੰਘਣਾਂ ਕਰਨ ਵਾਲੇ ਨੂੰ ਜੇ ਕੋਈ ਖਾਲਸਾਈ ਰਹੁ-ਰੀਤ ਅਧੀਨ ਸਜ਼ਾ ਦਿੰਦਾ ਹੈ ਤਾਂ ਗੁਰਦੁਆਰਾ ਪ੍ਰਬੰਧਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

Some points regarding 'destination weddings' to be shared with the Sangat at the Gurdwara Sahib:

a) Guru Sahib has exhorted Sikhs to lead a life of humility and simplicity.

b) Sikhs regard Sri Guru Granth Sahib Ji as the Living Guru and offer prayers to Him alone to seek all kinds of blessings and gifts.

c) Every Sikh across the globe, while revering Sri Guru Granth Sahib Ji as their Guru, is also committed to Sri Akal Takht Sahib and abides by the *Hukamnamas* (edict) issued from there as well as encourages fellow Sikhs to do the same.

d) When we wish to request something from someone, we personally reach out to them by visiting their home (or wherever they reside). Similarly, whenever we seek the Guru's refuge and support to pray for the well-being of our family or ourselves, we should go to the Gurdwara Sahib to offer our *Ardas* (prayer) before Guru Sahib, rather than taking the Guru to a place where the Guru's dignity and reverence might be compromised.

e) It is deeply regrettable that today, some uninformed individuals, perhaps swayed by materialism and a herd mentality are ignoring the reverence due to Guru Sahib. They do not exhibit any hesitation to conduct the *Anand Karaj* (marriage) ceremonies their own or their children by taking the *Saroop* of Sri Guru Granth Sahib Ji to prohibited venues such as resorts, banquet halls, commercial farmhouses, or beaches. They do this despite being aware that at such locations, the consumption of alcohol and meat—and in many instances, even the use of tobacco—is permitted.

f) For this reason, Sri Akal Takht Sahib—the supreme seat of the Panth—issued *Hukamnamas* (edicts) in 1998, 2023, and again in 2025, explicitly stating that there is a complete prohibition on Sikhs conducting *Anand Karaj* ceremonies by taking the *Saroop* of Sri Guru Granth Sahib Ji to resorts, banquet halls, commercial farmhouses, or beaches.

g) If a family wishes to organize additional wedding-related events at the venues mentioned above, before or after the *Anand Karaj* (even though such practices are contrary to *Gurmat*), they may still plan such programs at their own discretion.

h) Despite being aware of the established code of conduct, some *Ragis* and *Granthi Singhs*, driven by greed, violate the *Hukamnamas* (edicts) issued by Sri Akal Takht Sahib by taking *Saroops* of Guru Sahib from their homes to resorts, banquet halls, commercial farmhouses, or beaches and officiate such illicit *Anand Karaj.*

i) Certain individuals identifying as Sikhs, who happen to be owners of such resorts, banquet halls, or commercial farmhouses, are blatantly violating the *Hukamnamas* (edicts) issued by Sri Akal Takht Sahib regarding this matter. They do so by arranging for the unauthorized *Prakash* of Sri Guru Granth Sahib Ji within these commercial venues, showing no apprehension or hesitation in disregarding these directives.

j) A humble request is made to Sikhs residing across the globe that in order to uphold the sanctity and reverence of Sri Guru Granth Sahib Ji, you should urge your relatives, acquaintances, or friends to refrain from having a "destination wedding," if you find out that they are planning one. If they still do not heed this advice, you should inform the management of a local Gurdwara Sahib.

k) *Anand Karaj* ceremonies conducted in violation of the ban imposed by Sri Akal Takht Sahib regarding such ceremonies at resorts, banquet halls, commercial farmhouses, or beaches shall be deemed invalid.

l) We would like to caution the *Sangat* (congregation) that if any family, *Granthi*, or *Ragi* conducts an *Anand Karaj* by taking the *Saroop* of Sri Guru Granth Sahib Ji to a resort, banquet hall, commercial farmhouse, or beach, or if the owners of such venues who claim themselves to be a Sikh and even those individuals who join in on such an occasion are going to be considered heretics by the *Panth*. It will be made sure that a formal complaint is lodged at Sri Akal Takht Sahib to report the names of the bride and groom, their families, the Sikh owners of these businesses, and the *Ragi* or *Granthi* involved for necessary action. If a person(s) who refuses to accept blame for their grave misconduct or repeatedly commits such violations, is punished in accordance with the Khalsa tradition, the Gurdwara managements shall bear no responsibility for such acts.